







## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

**ਰੇਡੀਓ**



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 20 **ਅਕਤੂਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਸਿਮਰਨਜੀਤ ਸਿੰਘ ਅਤੇ 21 ਅਕਤੂਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਸਤਿੰਦਰਬੀਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

**ਪੀ. ਟੀ. ਸੀ.**


ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 20 **ਅਕਤੂਬਰ** ਨੂੰ ਸ਼ਾਮ 5.00 ਤੋਂ 7.00 ਵਜੇ ਤੱਕ **ਭਾਈ ਸਿਮਰਨਜੀਤ ਸਿੰਘ**, ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਜਗਤਾਰ ਸਿੰਘ ਕ਼** ਤੇ **21 ਅਕਤੂਬਰ** ਨੂੰ ਸਵੇਰੇ 3.45 ਵਜੇ ਤੋਂ 7.45 ਵਜੇ ਤੱਕ **ਭਾਈ ਸਤਿੰਦਰਬੀਰ ਸਿੰਘ ਤੇ ਭਾਈ ਸਾਹਿਬ ਸਿੰਘ** ਕੀਰਤਨ ਕਰਨਗੇ।

**ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.45 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।**

**ਮੁੱਖ ਵਾਕ ਦੀ ਕਥਾ : 20 ਅਕਤੂਬਰ ਅਤੇ 21 ਅਕਤੂਬਰ ਨੂੰ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਲੁਧਿਆਣਾ ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ** ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜੋੜਾ 'ਚ ਕੀਰਤਨ ਦਰਬਾਰ

ਹੁਸ਼ਿਆਰਪੁਰ, 19 ਅਕਤੂਬਰ (ਨਰਿੰਦਰ ਸਿੰਘ ਬੱਡਲਾ)-ਗੁਰਦੁਆਰਾ ਸ਼ਹੀਦ ਭਾਈ ਭਗਤ ਸਿੰਘ ਪਿੰਡ ਪੰਜੋੜਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਨਗਰ ਨਿਵਾਸੀ ਸੰਗਤਾਂ, ਬਾਬਾ ਜਸਪਾਲ ਸਿੰਘ ਨੇਕੀ ਵਾਲੇ, ਬਾਬਾ ਜੋਗਿੰਦਰ ਸਿੰਘ ਅਟਾਰੀ ਵਾਲੇ ਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਰਤਨ ਦਰਬਾਰ ਕਰਵਾਇਆ। ਇਸ ਮੌਕੇ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਕਥਾਵਾਚਕ ਭਾਈ ਸਰਬਜੀਤ ਸਿੰਘ ਢੋਟੀਆਂ ਵਾਲੇ, ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਹਰੀ ਦਰਬਾਰ ਸੰਗੀਤ ਵਿਦਿਆਲਾ ਅਟਾਰੀ ਵਾਲੇ ਵਿਦਿਆਰਥੀਆਂ ਨੇ ਆਈਆਂ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕਥਾ-ਕੀਰਤਨ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਉਥੇ ਗੁਰੂ ਤੇਗ ਬਹਾਦਰ ਸਾਹਿਬ ਦੀ ਜੀਵਨੀ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ ਜਿਥੇ ਮੰਚ ਸੰਚਾਲਨ ਦੀ ਸੇਵਾ ਭਾਈ ਕਮਲਜੀਤ ਸਿੰਘ ਨੇ ਨਿਭਾਈ। ਪ੍ਰਬੰਧਕਾਂ ਵਲੋਂ ਆਈਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਧਾਨ ਹਰਜਿੰਦਰ ਸਿੰਘ, ਪ੍ਰਧਾਨ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂ ਸ਼ਹਿਰ ਭਾਈ ਸੁਰਜੀਤ ਸਿੰਘ, ਇਕਬਾਲ ਸਿੰਘ ਖੇੜਾ, ਇੰਦਰਜੀਤ ਸਿੰਘ ਬਾਹੜਾ, ਸੁਖਵਿੰਦਰ ਸਿੰਘ ਗੋਬਿੰਦਪੁਰ, ਹਕੀਕਤ ਸਿੰਘ, ਸੋਹਣ ਸਿੰਘ, ਬਲਦੇਵ ਸਿੰਘ, ਸਾਬਕਾ ਚੇਅਰਮੈਨ ਪਰਮਜੀਤ ਸਿੰਘ ਪੰਜੋੜ, ਨੰਬਰਦਾਰ ਭੁਪਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਮਹਾਂਦਿਆਣਾ ਸਾਹਿਬ, ਜਗਤਾਰ ਸਿੰਘ, ਰਣਬੀਰ ਸਿੰਘ, ਗਿਆਨੀ ਤਰਲੋਕ ਸਿੰਘ ਪ੍ਰਧਾਨ ਗੁਰਦੁਆਰਾ ਬੇਰੀ ਸਾਹਿਬ, ਸੁਰਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਸੰਤ ਲਛਮਣ ਦਾਸ ਅਮਰਜੀਤ ਸਿੰਘ, ਮਾਸਟਰ ਮਨਜੀਤ ਸਿੰਘ, ਅਮਰੀਕ ਸਿੰਘ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਕੁਲਦੀਪ ਸਿੰਘ ਅਜਨੋਹਾ ਕਿਰਪਾਲ ਸਿੰਘ ਅਜਨੋਹਾ, ਰਣਜੋਧ ਸਿੰਘ, ਬਾਬਾ ਜਰਨੈਲ ਸਿੰਘ ਨਡਾਲੋਂ, ਲਖਵਿੰਦਰ ਸਿੰਘ ਨਡਾਲੋਂ, ਧਰਮਿੰਦਰ ਸਿੰਘ ਸੋਨੂੰ ਨਡਾਲੋਂ, ਪਰਮਜੀਤ ਸਿੰਘ ਭਾਮ, ਸਾਬਕਾ ਸਰਪੰਚ ਜਸਬੀਰ ਸਿੰਘ ਭੱਟੀ ਨਡਾਲੋਂ, ਡਾ. ਸੁਰਿੰਦਰਪਾਲ ਸਿੰਘ ਈਸਪੁਰ, ਬਲਜਿੰਦਰ ਸਿੰਘ ਖ਼ਾਲਸਾ, ਪ੍ਰਭਦੀਪ ਸਿੰਘ, ਕਰਨ ਸਿੰਘ ਆਦਿ ਹਾਜ਼ਰ ਸਨ।



ਸਮਾਗਮ ਦੌਰਾਨ ਕੀਰਤਨ ਸਰਵਣ ਕਰਵਾਉਂਦਾ ਹੋਇਆ ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦਾ ਜਥਾ

## ਹੁਸ਼ਿਆਰਪੁਰ ਜ਼ਿਲ੍ਹੇ ਨੂੰ ਛੋਟਾ ਕਰਨਾ ਮਨਜ਼ੂਰ ਨਹੀਂ-ਅਮਨ ਗਿੱਲ ਝਿੰਗੜ



ਖੁੱਡਾ, 19 ਅਕਤੂਬਰ (ਸਰਬਜੀਤ ਸਿੰਘ)-ਯੂਥ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਅਮਨਪ੍ਰੀਤ ਸਿੰਘ ਗਿੱਲ ਝਿੰਗੜ ਨੇ ਗੱਲਬਾਤ ਦੌਰਾਨ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹਾ ਸਭ ਤੋਂ ਵੱਡਾ ਜ਼ਿਲ੍ਹਾ ਸੀ, ਜਿਸ 'ਚ ਸਭ ਤੋਂ ਵੱਧ ਹਲਕੇ ਸੀ ਪਰ ਇਸ ਨੂੰ ਹੋਲੀ ਹੋਲੀ ਕਰ ਕੇ ਦਿਨ ਵ ਦਿਨ ਹੋਰ ਛੋਟਾ ਕਰਨ ਦੀ ਸਾਜ਼ਿਸ਼ ਸਰਕਾਰ ਕਰ ਰਹੀ ਹੈ, ਜਿਸ ਕਾਰਨ ਲੋਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਅਮਨ ਗਿੱਲ ਝਿੰਗੜ ਨੇ ਕਿਹਾ ਸਰਕਾਰ ਪਿਛਲੇ ਦਿਨੀਂ ਹੋਈ ਕੈਬਨਿਟ ਮੀਟਿੰਗ 'ਚ ਸ੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਦੀ ਪ੍ਰਪੋਜ਼ਲ ਦੇ ਰਹੀ ਸੀ ਜਿਸ ਦੇ ਕਾਫ਼ੀ ਨਜ਼ਦੀਕ ਪੈਂਦਾ ਰੂਪਨਗਰ ਹੈ ਜੇ ਸਰਕਾਰ ਨੇ ਕਰਨਾ ਹੀ ਹੈ ਤਾਂ ਰੂਪਨਗਰ ਤੋਂ ਬਦਲ ਕੇ ਸ੍ਰੀ ਅਨੰਦਪੁਰ ਸਾਹਿਬ ਦਾ ਨਾਂਅ ਦੇ ਦਿੱਤਾ ਜਾਵੇ ਪਰ ਸਰਕਾਰ ਦੀ ਪਤਾ ਨਹੀਂ ਕਿ ਮਜਬੂਰੀ ਹੈ ਕਿ ਉਹ ਹੁਸ਼ਿਆਰਪੁਰ ਦੀ ਚਾਰ ਸਬ ਡਿਵੀਜ਼ਨ ਹਲਕਾ ਗੜ੍ਹਸ਼ੰਕਰ ਨੂੰ ਤੋੜ ਕੇ ਉੱਧਰ ਰਲਾਉਣਾ ਚਾਹੁੰਦੀ ਹੈ ਪਹਿਲਾ ਵੀ ਜਿਸ ਵੇਲੇ ਜ਼ਿਲ੍ਹਾ ਨਵਾਂਸ਼ਹਿਰ ਬਣਿਆ ਤਾਂ ਸਾਡਾ ਹਲਕਾ ਬਲਾਚੌਰ ਕੱਟ ਦਿੱਤਾ। ਇਸ ਲਈ ਉਨ੍ਹਾਂ ਵਲੋਂ ਸਰਕਾਰ ਨੂੰ ਕਿਹਾ ਗਿਆ ਕਿ ਕੋਈ ਵੀ ਐਸਾ ਕਦਮ ਨਾ ਚੁੱਕਿਆ ਜਾਵੇ, ਜਿਸ ਨਾਲ ਲੋਕਾਂ ਦੇ ਕੰਮਾਂ 'ਚ ਰੁਕਾਵਟ ਪੈਦਾ ਹੋਵੇ ਤੇ ਲੋਕ ਪ੍ਰੇਸ਼ਾਨ ਹੋਣ।



ਕੀਰਤਨ ਦਰਬਾਰ ਮੌਕੇ ਕੀਰਤਨ ਦੀ ਹਾਜ਼ਰੀ ਭਰਦੇ ਹੋਏ ਕੀਰਤਨੀ ਜਥੇ ਤੇ ਨਾਲ ਸੇਵਾਦਾਰਾਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ। ਤਸਵੀਰਾਂ : ਸਤਵੰਤ ਸਿੰਘ ਥਿਆੜਾ

# ਚੜ੍ਹਦੀ ਕਲਾ ਸੇਵਕ ਜਥੇ ਨੇ ਕੀਰਤਨ ਦਰਬਾਰ ਕਰਵਾਇਆ

ਨਸਰਾਲਾ, 19 ਅਕਤੂਬਰ (ਸਤਵੰਤ ਸਿੰਘ ਥਿਆੜਾ)-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ 'ਚੜ੍ਹਦੀ ਕਲ੍ਹਾ ਸੇਵਕ ਜਥਾ' ਵਲੋਂ ਡੇਰਾ ਸੰਤਪੁਰਾ ਮਾਣਕੋ ਜੱਬੜ ਦੇ ਅਸ਼ੀਰਵਾਦ ਨਾਲ ਸਮੂਹ ਇਲਾਕਾ ਨਿਵਾਸੀ ਸੰਗਤਾਂ ਤੇ ਐਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਭਾਈ ਦਿਆਲਾ, ਭਾਈ ਮਤੀਦਾਸ ਤੇ ਭਾਈ ਸਤੀਦਾਸ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 15ਵਾਂ ਮਹਾਨ ਕੀਰਤਨ ਦਰਬਾਰ ਹੁਸ਼ਿਆਰਪੁਰ-ਜਲੰਧਰ ਰੋਡ ਅੱਡਾ ਮੰਡਿਆਲਾ, ਪਿੰਡ ਢੋਡੋਮਾਜ਼ਰਾ ਦੇ ਗੇਟ ਕੋਲ ਸ਼ਰਧਾ ਭਾਵਨਾ ਦੇ ਨਾਲ ਕਰਵਾਇਆ, ਜਿਸ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ। ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਦੇ ਭੋਗ ਪੈਣ ਉਪਰੰਤ ਸਮਾਗਮ ਦੀ ਅਰੰਭਤਾ ਬੱਚੀ ਹਰਸ਼ਰਨ ਕੌਰ, ਨਿਰਵੈਰ ਸਿੰਘ ਤੇ ਗੁਰਜੋਤ ਸਿੰਘ ਦੇ ਕੀਰਤਨੀ ਜਥੇ ਵਲੋਂ ਸ਼ਬਦ ਗਾਇਨ ਕਰਦਿਆਂ ਕੀਤੀ। ਇਸ ਮੌਕੇ ਬੀਬੀ ਜਸਪ੍ਰੀਤ ਕੌਰ ਪਟਿਆਲਾ ਵਾਲੇ, ਕਥਾ ਵਾਚਕ ਗਿਆਨੀ ਜਸਵੰਤ ਸਿੰਘ ਮੰਜੀ ਸਾਹਿਬ ਦਰਬਾਰ ਸਾਹਿਬ ਵਾਲੇ, ਕਵੀਸ਼ਰ ਭਾਈ ਪ੍ਰਿਤਪਾਲ ਸਿੰਘ ਬਰਗਾੜੀ ਵਾਲੇ, ਭਾਈ ਗੁਰਮੁਖ ਸਿੰਘ ਕੰਧਾਲੇ ਵਾਲੇ, ਭਾਈ ਹਰਵਿੰਦਰ ਸਿੰਘ ਨੰਗਲ ਈਸ਼ਰ ਵਾਲੇ, ਭਾਈ ਜਸਵਿੰਦਰ ਸਿੰਘ ਦਸੂਹੇ ਵਾਲੇ, ਭਾਈ ਸੁਖਵੀਰ ਸਿੰਘ ਗੜ੍ਹਦੀਵਾਲਾ ਵਾਲੇ, ਭਾਈ ਧਨਵੰਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਰਾਮਪੁਰ ਖੇੜਾ, ਭਾਈ ਦਲਜੀਤ ਸਿੰਘ ਕੰਧਾਲਾ ਜੱਟਾਂ, ਭਾਈ ਜਸਵੀਰ ਸਿੰਘ ਭਟੋਲੀਆਂ ਸਮੇਤ ਗੁਰਸ਼ਬਦ ਪ੍ਰਕਾਸ਼ ਕੀਰਤਨ ਕੌਂਸਲ ਗੜ੍ਹਦੀਵਾਲਾ ਦੇ ਸਾਰੇ ਜਥਿਆਂ ਨੇ ਸੰਗਤਾਂ ਨੂੰ ਆਪਣੇ ਮਨੋਹਰ ਕਥਾ ਕੀਰਤਨ ਦੁਆਰਾ ਨਿਹਾਲ ਕੀਤਾ। ਇਸ ਮੌਕੇ ਬਾਬਾ ਜਨਕ ਸਿੰਘ ਦੇ ਬਾਬਾ ਸਰਵਣ ਸਿੰਘ ਡੇਰਾ ਸੰਤਪੁਰਾ ਮਾਣਕੋ ਜੱਬੜ ਵਾਲੇ, ਬਾਬਾ ਧਰਮ ਸਿੰਘ ਰਾੜ੍ਹਾ ਸਾਹਿਬ ਸ਼ਾਮਚੁਰਾਸੀ, ਬਾਬਾ ਨਾਗਰ ਸਿੰਘ ਟੂਟੋਮਜਾਰਾ, ਬਾਬਾ ਸੁਮਿੱਤਰ ਸਿੰਘ, ਭਾਈ ਮਲਕੀਤ ਸਿੰਘ ਖ਼ਾਨਪੁਰ ਥਿਆੜੇ ਵਾਲਿਆਂ ਨੇ ਵੀ ਸੰਗਤਾਂ ਦੇ ਦਰਸ਼ਨ ਕੀਤੇ। ਸਟੇਜ ਸਕੱਤਰ ਦੀ ਸੇਵਾ ਭਾਈ ਕਰਮਜੀਤ ਸਿੰਘ ਪਧਿਆਣੇ ਵਾਲਿਆਂ ਵਲੋਂ ਨਿਭਾਈ ਗਈ। ਇਸ ਮੌਕੇ ਮੈਟਰੋ ਹਸਪਤਾਲ ਜਲੰਧਰ ਡਾ. ਸੰਦੀਪ ਜੁਨੇਜਾ ਐਮ. ਡੀ. ਤੇ ਉਨ੍ਹਾਂ ਦੀ ਟੀਮ ਵਲੋਂ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਤੇ ਜਿਸ 'ਚ ਸਰੀਰ ਦੇ ਜ਼ਰੂਰੀ ਟੈੱਸਟ ਅਤੇ ਜ਼ਰੂਰਤ ਮੰਦਾ ਨੂੰ ਦਵਾਈਆਂ ਵੀ ਦਿੱਤੀਆਂ। ਇਸ ਮੌਕੇ ਸਿੱਖ ਇਤਿਹਾਸ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਮੌਕੇ ਪ੍ਰਬੰਧਕਾਂ ਵਲੋਂ ਕਲਗ਼ੀਧਰ ਨੌਜਵਾਨ ਸਭਾ ਜਗਜੀਤ ਪੁਰ, ਨੌਜਵਾਨ ਸਭਾ ਅਰਜਨਵਾਲ, ਸਮਾਜ ਸੇਵਕ ਸੁਸਾਇਟੀ ਕਾਲਾ ਬੱਕਰਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੇਵਾ ਸੰਭਾਲ ਸੰਸਥਾ ਡਮੇਲੀ ਤੇ ਹੋਰ ਮੁੱਖ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਮੰਡਿਆਲਾ, ਢੋਡੋਮਾਜ਼ਰਾ, ਬਾਦੋਵਾਲ, ਰਾਜੋਵਾਲ, ਰਾਮਨਗਰ ਢੈਹਾ, ਮਸਾਣੀਆਂ, ਘੜਿਆਲਾ, ਮੇਘੋਵਾਲ ਗੰਜ਼ਿਆਂ, ਨਸਰਾਲਾ, ਬਡਾਲਾ ਮਾਹੀ ਆਦਿ ਪਿੰਡਾਂ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।



ਪਿੰਡ ਭਲਿਆਲਾ ਵਿਖੇ ਪੰਛੀਆਂ ਨੂੰ ਫੜਨ ਵਾਲੇ ਕਾਬੂ ਕੀਤੇ ਗਏ ਦੋ ਵਿਅਕਤੀ ਪਿੰਡ ਵਾਸੀਆਂ ਨਾਲ। ਤਸਵੀਰ : ਹਰਮੇਲ ਸਿੰਘ ਖੱਖ

# ਭਲਿਆਲਾ ਵਾਸੀਆਂ ਨੇ ਤੋਤੇ ਫੜਦੇ ਦੋ ਵਿਅਕਤੀ ਕੀਤੇ ਕਾਬੂ

ਹਰਿਆਣਾ, 19 ਅਕਤੂਬਰ (ਹਰਮੇਲ ਸਿੰਘ ਖੱਖ)-ਪਿੰਡ ਭਲਿਆਲਾ ਵਾਸੀਆਂ ਵਲੋਂ ਤੋਤਿਆਂ (ਪੰਛੀਆਂ) ਨੂੰ ਜਾਲ ਰਾਹੀਂ ਫੜਦੇ ਦੋ ਵਿਅਕਤੀਆਂ ਨੂੰ ਕਾਬੂ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਸਰਪੰਚ ਰਾਜ ਕੁਮਾਰੀ ਭਲਿਆਲਾ ਨੇ ਦੱਸਿਆ ਕਿ ਹਰਦੇਵ ਸਿੰਘ, ਯੋਧਾ ਮੱਲ, ਹਰਮਨ ਧਾਮੀ ਤੇ ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਪਿਛਲੇ ਕੁੱਝ ਸਮੇਂ ਤੋਂ ਇਹ ਵਿਅਕਤੀ ਜਾਲ ਵਿਛਾ ਕੇ ਤੋਤਿਆਂ ਨੂੰ ਫੜਦੇ ਸਨ ਤੇ ਉਨ੍ਹਾਂ ਨੂੰ ਮਾਰ ਕੇ ਖਾਂਦੇ ਸਨ, ਜਿਨ੍ਹਾਂ ਨੂੰ ਉਹ ਫੜਨ ਲਈ ਕਾਫ਼ੀ ਸਮੇਂ ਤੋਂ ਉਨ੍ਹਾਂ ਦੀ ਭਾਲ ਕਰ ਰਹੇ ਸਨ। ਇਸ ਮੌਕੇ ਹਰਦੇਵ ਸਿੰਘ ਨੇ ਦੱਸਿਆ ਕਿ ਉਸ ਨੇ ਖੇਤਾਂ 'ਚ ਮੂੰਗਫਲੀ ਦੀ ਖੇਤੀ ਕੀਤੀ ਹੋਈ ਪੰਛੀ ਤੋਤੇ ਉਸ ਦੀ ਮੂੰਗਫਲੀ ਦੀ ਖੇਤੀ 'ਚ ਆਪਣਾ ਢਿੱਡ ਭਰਦੇ ਸਨ। ਅੱਜ ਸਵੇਰੇ ਤਕਰੀਬਨ 6 ਕੁ ਵਜੇ ਦੇ ਕਰੀਬ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਖੇਤਾਂ 'ਚ ਦੋ ਵਿਅਕਤੀ ਤੋਤਿਆਂ ਨੂੰ ਜਾਲ ਵਿਛਾ ਕੇ ਫੜ ਰਹੇ ਹਨ। ਉਨ੍ਹਾਂ ਪਿੰਡ ਵਾਸੀਆਂ ਦੀ ਮਦਦ ਨਾਲ ਇਨ੍ਹਾਂ ਨੂੰ ਕਾਬੂ ਕੀਤਾ ਤੇ ਉਨ੍ਹਾਂ ਕੋਲੋਂ ਤੋਤਿਆਂ ਨੂੰ ਫੜਨ ਵਾਲਾ ਜਾਲ ਤੇ ਪੰਛੀਆਂ ਨੂੰ ਮਾਰਨ ਵਾਲੇ ਔਜ਼ਾਰ ਉਨ੍ਹਾਂ ਕੋਲੋਂ ਬਰਾਮਦ ਕੀਤੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਲੋਂ ਤਿੰਨ ਤੋਤੇ ਪਿੰਜਰੇ ਵਿਚ ਪਾਏ ਹੋਏ ਸਨ, ਜਿਨ੍ਹਾਂ 'ਚੋਂ ਇਕ ਤੋਤਾ ਜ਼ਖ਼ਮੀ ਹੋਇਆ ਪਿਆ ਸੀ। ਉਨ੍ਹਾਂ ਦੱਸਿਆ ਕਿ ਜਦੋਂ ਇਨ੍ਹਾਂ ਕੋਲੋਂ ਤੋਤਿਆਂ ਨੂੰ ਫੜਨ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਉਹ ਯੂ. ਪੀ. ਬਿਹਾਰ ਤੋਂ ਹਨ ਤੇ ਭੀਖੋਵਾਲ ਵਿਖੇ ਰਹਿੰਦੇ ਹਨ ਤੇ ਉਹ ਕਾਫ਼ੀ ਸਮੇਂ ਤੋਂ ਤੋਤਿਆਂ ਨੂੰ ਫੜ ਕੇ ਉਨ੍ਹਾਂ ਨੂੰ ਮਾਰਦੇ ਹਾਂ ਤੇ ਉਨ੍ਹਾਂ ਨੂੰ ਖਾਂਦੇ ਹਾਂ। ਇਸ ਮੌਕੇ ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਸੰਬੰਧੀ ਥਾਣਾ ਹਰਿਆਣਾ ਨੂੰ ਸੂਚਿਤ ਕੀਤਾ ਤੇ ਜੰਗਲਾਤ ਵਿਭਾਗ ਨੂੰ ਵੀ ਇਸ ਦੀ ਜਾਣਕਾਰੀ ਦਿੱਤੀ ਗਈ। ਮੌਕੇ 'ਤੇ ਜੰਗਲਾਤ ਵਿਭਾਗ ਦੇ ਕਰਮਚਾਰੀ ਰਵੀ ਸ਼ੇਰ ਸਿੰਘ ਢੋਲਬਾਹਾ ਇੰਚਾਰਜ ਪਹੁੰਚੇ, ਜਿਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਖ਼ਿਲਾਫ਼ ਜੰਗਲੀ ਜੀਵਨ ਸੁਰੱਖਿਆ ਐਕਟ 1972 ਅਧੀਨ ਧਰਾਵਾਂ ਲਗਾ ਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਗਰੀਨ ਦੀਵਾਲੀ ਮਨਾਉਣ ਨੂੰ ਦੇਵੋ ਪਹਿਲ-ਰੋਮੀ ਮਨਹੋਤਾ



ਪੱਸੀ ਕੰਢੀ, 19 ਅਕਤੂਬਰ (ਜਗਤਾਰ ਸਿੰਘ ਰਜਪਾਲਮਾ)-ਮਨਹੋਤਾ ਬਲੱਡ ਸੇਵਾ ਸੁਸਾਇਟੀ ਦੇ ਸੇਵਾਦਾਰ ਰੋਮੀ ਮਨਹੋਤਾ ਵਲੋਂ ਪ੍ਰਦੂਸ਼ਣ ਰਹਿਤ ਤੇ ਪਟਾਕਿਆਂ ਤੋਂ ਰਹਿਤ ਗਰੀਨ ਦੀਵਾਲੀ ਮਨਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪਟਾਕਿਆਂ ਤੋਂ ਨਿਕਲਿਆ ਧੂੰਆਂ ਤੇ ਪ੍ਰਦੂਸ਼ਣ ਨਾਲ ਕਈ ਬਿਮਾਰੀਆਂ ਜਿਵੇਂ ਸਾਹ, ਦਮਾ, ਦਿਲ, ਅੱਖਾਂ, ਚਮੜੀ, ਕੈਂਸਰ ਤੇ ਤਪਦਿਕ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ, ਖ਼ਾਸ ਕਰਕੇ ਬੱਚੇ, ਬਜ਼ੁਰਗ ਤੇ ਗਰਭਵਤੀ ਔਰਤਾਂ ਇਸ ਦੀ ਲਪੇਟ 'ਚ ਜਲਦੀ ਆ ਜਾਂਦੇ ਹਨ। ਉਨ੍ਹਾਂ ਬਜ਼ੁਰਗਾਂ, ਗਰਭਵਤੀ ਔਰਤਾਂ, ਸਾਹ ਤੇ ਦਮੇ ਦੇ ਮਰੀਜ਼ਾਂ ਤੇ ਦਿਲ ਦੇ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਉਹ ਦੀਵਾਲੀ ਵਾਲੇ ਦਿਨ ਘਰਾਂ ਤੋਂ ਬਾਹਰ ਨਾ ਨਿਕਲਣ। ਧੂੰਆਂ ਤੇ ਪਟਾਕਿਆਂ ਦੀ ਰਹਿੰਦ-ਖੂੰਹਦ ਵਾਤਾਵਰਨ ਨੂੰ ਵੀ ਪ੍ਰਦੂਸ਼ਿਤ ਕਰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਬੱਚੇ ਪਟਾਕੇ ਚਲਾਉਂਦੇ ਹਨ ਤਾਂ ਵੱਡਿਆਂ ਦੀ ਨਿਗਰਾਨੀ 'ਚ ਚਲਾਉਣ।

## ਭੋਗ 'ਤੇ ਵਿਸ਼ੇਸ਼ : ਸਾਬਕਾ ਸਰਪੰਚ ਜੋਗਿੰਦਰ ਸਿੰਘ



ਖੁੱਡਾ-ਟਾਂਡਾ ਦੇ ਪਿੰਡ ਖੁੱਡਾ ਦੇ ਸਾਬਕਾ ਸਰਪੰਚ, ਨੰਬਰਦਾਰ ਤੇ ਰਿਟਾਇਰਡ ਪ੍ਰਿੰਸੀਪਲ ਜੋਗਿੰਦਰ ਸਿੰਘ ਖੁੱਡਾ ਦਾ ਜਨਮ 3 ਜੂਨ 1948 ਨੂੰ ਪਿਤਾ ਮਿਲਖੀ ਰਾਮ ਤੇ ਮਾਤਾ ਭਾਗ ਦੇਈ ਦੇ ਗ੍ਰਿਹ ਪਿੰਡ ਖੁੱਡਾ ਵਿਖੇ ਹੋਇਆ ਸੀ, ਮੁੱਢਲੀ ਸਿੱਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਤੋਂ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਨੇ ਉਚੇਰੀ ਸਿੱਖਿਆ ਜਲੰਧਰ ਦੇ ਕਾਲਜ ਤੋਂ ਪ੍ਰਾਪਤ ਕੀਤੀ। ਉਪਰੰਤ ਜੋਗਿੰਦਰ ਸਿੰਘ ਬਤੌਰ ਅਧਿਆਪਕ ਸੇਵਾਵਾਂ ਨਿਭਾਈਆਂ, ਜਿਸ ਦੌਰਾਨ ਉਨ੍ਹਾਂ ਜਾਜਾ, ਦਸੂਹਾ ਤੇ ਸਬਦਰਪੁਰ ਵਿਖੇ ਸੇਵਾਵਾਂ ਨਿਭਾਉਂਦੇ ਹੋਏ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। ਸੇਵਾ ਮੁਕਤੀ ਤੋਂ ਬਾਅਦ ਉਹ ਪਿੰਡ ਦੇ ਸਰਪੰਚ ਬਣੇ ਅਤੇ ਪਿੰਡ ਦੀ ਤਰੱਕੀ ਤੇ ਖ਼ੁਸ਼ਹਾਲੀ 'ਚ ਯੋਗਦਾਨ ਪਾਇਆ। ਸਰਪੰਚੀ ਤੋਂ ਬਾਅਦ ਉਹ ਨੰਬਰਦਾਰ ਬਣੇ ਤੇ ਸ਼੍ਰੋਮਣੀ ਅਕਾਲੀ ਦਲ 'ਚ ਰਹਿ ਕੇ ਸਮਾਜ ਸੇਵੀ ਤੇ ਰਾਜਨੀਤਿਕ ਕੰਮਾਂ ਵਿਚ ਵੀ ਹਿੱਸਾ ਲੈਂਦੇ ਰਹੇ। ਅਖੀਰ ਸਾਬਕਾ ਸਰਪੰਚ ਜੋਗਿੰਦਰ ਸਿੰਘ ਲੰਬੀ ਬਿਮਾਰੀ ਦੇ ਚੱਲਦਿਆਂ 10 ਅਕਤੂਬਰ 2025 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵੱਡੀ ਬੋਹੜ ਖੁੱਡਾ ਵਿਖੇ ਹੋਈ, ਜਿਸ ਦੌਰਾਨ ਧਾਰਮਿਕ, ਰਾਜਨੀਤਿਕ ਤੇ ਸਮਾਜ ਸੇਵੀ ਸ਼ਖ਼ਸੀਅਤਾਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫ਼ੁਲ ਭੇਟ ਕੀਤੇ ਗਏ।

**-ਸਰਬਜੀਤ ਸਿੰਘ**


ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

**ਪਾਠ ਦਾ ਭੋਗ ਅਤੇ ਅੰਤਿਮ ਅਰਦਾਸ**




ਆਪ ਜੀ ਨੂੰ ਭਰੇ ਮਨ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ **ਸ. ਜੋਗਿੰਦਰ ਸਿੰਘ** ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ 12 ਅਕਤੂਬਰ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਉਨ੍ਹਾਂ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 22 ਅਕਤੂਬਰ ਦਿਨ ਬੁੱਧਵਾਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਗੁਰਾਲਾ (ਟਾਂਡਾ) ਵਿਖੇ ਹੋਵੇਗੀ। ਆਪ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ। ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ 12 ਵਜੇ ਤੋਂ 1.30 ਵਜੇ ਤੱਕ ਸਿੱਖ ਪੰਥ ਦੇ ਵਿਦਵਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਨਗੇ।

ਗੁਰੂ ਸਾਹਿਬ ਦੇ ਭਾਣੇ ਵਿਚ :

ਬਲਵੀਰ ਸਿੰਘ-ਜਸਵੀਰ ਕੌਰ (ਪੁੱਤਰ-ਨੂੰਹ) ਬਲਵਿੰਦਰ ਕੌਰ-ਮਸਤਾਨ ਸਿੰਘ (ਧੀ-ਜਵਾਈ)
ਹਰਦਿਆਲ ਸਿੰਘ - ਸਤਵਿੰਦਰ ਕੌਰ (ਪੁੱਤਰ-ਨੂੰਹ) ਰਾਜਵਿੰਦਰ ਕੌਰ-ਤਰਸੇਮ ਸਿੰਘ (ਧੀ-ਜਵਾਈ)
ਬਲਵਿੰਦਰ ਕੌਰ - ਸਰਪੰਚ ਸਤਪਾਲ ਸਿੰਘ ਮੁਲਤਾਨੀ, (M.D. Richi Travel Jal.)(ਧੀ-ਜਵਾਈ)
CONTACT : 98716-04069, 98158-47744. (ਨੋਟ : ਵੱਖਰੇ ਕਾਰਡ ਨਹੀਂ ਭੇਜੇ ਜਾ ਰਹੇ)



ਸੰਪਾਦਕ-ਰਾਜਿੰਦਰ ਸਿੰਘ। ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਲਿੱਧੜਾਂ, ਜਲੰਧਰ ਤੋਂ ਛਪਵਾ ਕੇ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: 7107/59

Editor- Rajinder Singh. Printer, Publisher and Secretary Parkash Kaur Hamdard. Printed for Sadhu Singh Hamdard Trust at Daily Ajit Printers, Lidhran, Jalandhar and Published from Nehru Garden Road, Jalandhar
RNI Regd. No:- 7107/59






**ਸਲਾਹ**: ਕੇਵਲ ਵਾਤਾਵਰਣ ਪੱਖੀ ਪਟਾਕਿਆਂ (ਜੋ ਬੇਰੀਅਮ ਸਾਲਟ ਜਾਂ ਐਂਟੀਮਨੀ, ਲੀਥੀਅਮ, ਮਰਕਰੀ, ਆਰਸੈਨਿਕ, ਲੈਡ ਜਾਂ ਸ਼ਟਰੋਨਸੀਅਮ, ਕੋਮੇਟ ਦੇ ਮਿਸ਼ਰਣ ਰਹਿਤ) ਦੀ ਵਿਕਰੀ ਕਰਨ ਅਤੇ ਵਰਤਣ ਦੀ ਆਗਿਆ ਹੈ। ਲੜੀਬੰਦ ਪਟਾਕਿਆਂ ਜਾਂ ਲੜੀਆਂ ਦਾ ਉਤਪਾਦਨ, ਭੰਡਾਰ, ਵੰਡ, ਵਿਕਰੀ ਅਤੇ ਵਰਤੋ ਕਰਨ ਦੀ ਆਗਿਆ ਨਹੀ ਹੈ।

**ਪਟਾਕਿਆਂ ਦੇ ਹਾਨੀਕਾਰਕ ਪ੍ਰਭਾਵ**

- **ਜਹਿਰੀਲੀਆਂ ਅਤੇ ਖਤਰਨਾਕ ਗੈਸਾਂ ਦਾ ਉਤਪਾਦਨ**: ਕਾਰਬਨ ਮੋਨੋਆਕਸਾਈਡ, ਆਕਸਾਈਡ ਆਫ ਸਲਫਰ ਅਤੇ ਨਾਈਟ੍ਰੋਜਨ ਅਤੇ ਵਾਤਾਵਰਣ ਵਿੱਚ ਧਾਤਾਂ ਜਿਵੇਂ ਕਿ ਐਲੂਮੀਨੀਅਮ ਬੇਰੀਅਮ ਅਤੇ ਆਇਰਨ।
- ਜਹਿਰੀਲੀ ਗੈਸਾਂ ਅਤੇ ਧਾਤਾਂ, ਕੈਂਸਰ, ਗੁਰਦਿਆਂ ਦਾ ਨੁਕਸਾਨ, ਦਿਲ ਦਾ ਦੌਰਾ, ਜੈਨੇਟਿਕ ਪਰਿਵਰਤਨ ਅਤੇ ਬਹੁਤ ਸਾਰੇ ਹੋਰ ਰੋਗਾਂ ਦਾ ਕਾਰਣ ਬਣਦੇ ਹਨ।
- ਅੱਖਾਂ ਨੂੰ ਨੁਕਸਾਨ ਅਤੇ ਚਮੜੀ ਦੇ ਜਲਣ ਵਰਗੀ ਦੁਰਘਟਨਾਵਾਂ।
- ਅੱਗ ਲੱਗਣ ਨਾਲ ਸੰਪਤੀ ਨੂੰ ਨੁਕਸਾਨ ਦਾ ਖਤਰਾ।
- ਮੱਨੁਖਾਂ ਅਤੇ ਜਾਨਵਰਾਂ ਨੂੰ ਪਰੇਸ਼ਾਨੀ।
- ਅੱਖਾਂ ਨੂੰ ਨੁਕਸਾਨ ਅਤੇ ਚਮੜੀ ਦੇ ਜਲਣ ਵਰਗੀ ਦੁਰਘਟਨਾਵਾਂ।
- ਅੱਗ ਲੱਗਣ ਨਾਲ ਸੰਪਤੀ ਨੂੰ ਨੁਕਸਾਨ ਦਾ ਖਤਰਾ।
- ਮੱਨੁਖਾਂ ਅਤੇ ਜਾਨਵਰਾਂ ਨੂੰ ਪਰੇਸ਼ਾਨੀ।
- ਸ਼ੋਰ ਪ੍ਰਦੂਸ਼ਣ।

**ਅਪੀਲ**

ਭਾਰਤ ਸਰਕਾਰ ਵਲੋਂ ਕੂੜਾ ਕਰਕਟ, ਪਲਾਸਟਿਕ ਦੇ ਲਿਫਾਫਿਆਂ ਅਤੇ ਇਸ ਤੋਂ ਪੈਦਾ ਹੋਣ ਵਾਲੀਆਂ ਹਾਨੀਕਾਰਕ ਗੈਸਾਂ ਦੇ ਨਿਪਟਾਰੇ ਨੂੰ ਮੁੱਖ ਰਖਦਿਆਂ ਸਵੱਛ ਭਾਰਤ ਮਿਸ਼ਨ ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਘਰਾਂ ਅਤੇ ਦੁਕਾਨਾਂ ਦਾ ਗਿੱਲਾ ਅਤੇ ਸੁਕਾ ਕੂੜਾ ਵਖਰਾਂ ਰੱਖਿਆ ਜਾਵੇ ਤਾਂ ਜੋ ਸਰਕਾਰੀ ਨਿਯਮਾਂ ਅਨੁਸਾਰ ਪਲਾਸਟਿਕ ਦੇ ਲਿਫਾਫਿਆਂ ਉਪਰ ਪੂਰਨ ਤੌਰ ਤੇ ਪਾਬੰਦੀ ਲਗਾਈ ਹੋਈ ਹੈ ਅਤੇ ਇਸਦਾ ਇਸਤੇਮਾਲ ਕਰਨ ਵਾਲੇ ਵਿਅਕਤੀ ਵਿਰੁਧ ਜੁਰਮਾਨਾ ਵੀ ਨਿਰਧਾਰਿਤ ਕੀਤਾ ਗਿਆ ਹੈ। ਦੁਕਾਨਦਾਰਾਂ ਨੂੰ ਅਪੀਲ ਹੈ ਕਿ ਉਹ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕਰਨ ਅਤੇ ਇਸ ਨੂੰ ਤਿਆਗ ਕੇ ਕਪੜੇ ਦੇ ਥੈਲੇ ਜਾਂ ਜੂਟ ਬੈਗ ਨੂੰ ਵਰਤੋ ਵਿਚ ਲਿਆਉਣ ਤਾਂ ਜੋ ਆਏ ਦਿਨ ਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਲੋਕ ਆਪਣੇ ਘਰਾਂ ਦਾ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਰੱਖਣ ਅਤੇ ਕੂੜਾ ਬਾਹਰ ਸੁਟਣ ਦੀ ਜਗ੍ਹਾ ਸਫਾਈ ਸੇਵਕ ਨੂੰ ਦਿੱਤਾ ਜਾਵੇ ਸ਼ਹਿਰ ਵਾਸੀ ਗਲੀਆਂ ਅਤੇ ਨਾਲੀਆਂ ਵਿੱਚ ਕੂੜਾ ਸੁਟਣ ਦੀ ਜਗ੍ਹਾ ਆਪਣੇ ਘਰਾਂ ਵਿੱਚ ਲੱਗੇ ਡਸਟਬਿਨਾਂ ਵਿਚ ਰੱਖਣ ਤਾਂ ਜੋ ਸਹਿਰ ਨੂੰ ਸਾਫ ਸੁਥਰਾ ਰੱਖਿਆ ਜਾ ਸਕੇ।




1. ਪੱਕਿਆਂ ਜਾਂ ਅਣਪੱਕਿਆ ਖਾਦ ਪਦਾਰਥ ਦਾ ਕੂੜਾ ਹੱਡੀਆਂ ਅਤੇ ਅੰਡੇ ਦੇ ਛਿਲਕਿਆਂ ਸਹਿਤ
2. ਫੁੱਲ, ਫੱਲ
3. ਸਬਜ਼ੀਆਂ ਦੇ ਛਿਲਕੇ
4. ਘਰੇਲੂ ਪੋਦਿਆਂ ਦੀ ਕਟਿੰਗ ਆਦਿ
5. ਗੰਗੇ ਕਾਗਜ਼ (ਇਸਤੇਮਾਲ ਕੀਤਾ ਟਾਇਲਟ ਪੇਪਰ ਅਤੇ ਕਾਗਜ਼ੀ ਤੋਲੀਏ)




1. ਕਾਗਜ਼ (ਅਖ਼ਬਾਰ, ਕਾਪੀਆਂ)
2. ਗੱਤਾ ਅਤੇ ਗੱਤੇ ਦੇ ਡੱਬੇ
3. ਹੋਰ ਡੱਬੇ ਤੇ ਪੈਕਿੰਗ ਬਸ਼ਰਤੇ ਉਹ ਜ਼ਹਿਰੀਲੇ ਨਾ ਹੋਣ
4. ਟੈਟਰਾ ਪੈਕਿੰਗ
5. ਪਲਾਸਟਿਕ
6. ਲੱਕੜ
7. ਪੁਰਾਣੀਆਂ ਲੀਰਾਂ
8. ਪੁਰਾਣੇ ਕੱਪੜੇ



ਸ਼੍ਰੀ ਕੁੰਦਨ ਗੋਗੀਆ
ਮੇਅਰ, ਨਗਰ ਨਿਗਮ ਪਟਿਆਲਾ



ਸ਼੍ਰੀ ਪਰਮਜੀਤ ਸਿੰਘ
ਕਮਿਸ਼ਨਰ, ਨਗਰ ਨਿਗਮ ਪਟਿਆਲਾ

ਜਾਰੀ ਕਰਤਾ
ਨਗਰ ਨਿਗਮ
ਪਟਿਆਲਾ



ਸ਼੍ਰੀ ਹਰਿੰਦਰ ਕੋਹਲੀ
ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਪਟਿਆਲਾ



ਸ਼੍ਰੀ ਜਗਦੀਪ ਸਿੰਘ ਜੱਗਾ
ਡਿਪਟੀ ਮੇਅਰ, ਨਗਰ ਨਿਗਮ ਪਟਿਆਲਾ